ਪੰਜਾਬੀ ਯੂਨੀਵਰਸਿਟੀ, ਪਟਿਆਲਾ

(1961 ਦੇ ਪੰਜਾਬ ਐਕਟ ਨੰ. 35 ਤਹਿਤ ਸਥਾਪਤ)

ਟਰਾਂਸਪੋਰਟ ਵਿਭਾਗ

ਨੰ. 1170/ਟਰਾਂਸਪੋਰਟ

ਮਿਤੀ 08-9-23

ਪੰਜਾਬੀ ਯੂਨੀਵਰਸਿਟੀ ਕੈਂਪਸ ਵਿਖੇ ਪਾਇਲਟ ਪ੍ਰਜੈਕਟ ਰਾਹੀਂ 03 ਮਹੀਨੇ ਲਈ ਈ-ਰਿਕਸ਼ਾ ਚਲਾਉਣ ਦੇ ਚਾਹਵਾਨ ਵਿਅਕਤੀ ਆਪਣੀਆਂ ਅਰਜ਼ੀਆਂ ਮਿਤੀ 18-09-2023 ਤੱਕ ਰਜਿਸਟਰਾਰ ਦਫ਼ਤਰ, ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਦੇ ਸਕਦੇ ਹਨ। ਇਸ ਈ-ਰਿਕਸ਼ਾ ਪਾਇਲਟ ਪ੍ਰਜੈਕਟ ਲਈ ਹੇਠ-ਲਿਖੀਆਂ ਸ਼ਰਤਾਂ ਲਾਗੂ ਹੋਣਗੀਆਂ:-

1) ਕੈਂਪਸ ਵਿਖੇ ਈ-ਰਿਕਸ਼ਾ ਚੱਲਣ ਦਾ ਸਮਾਂ ਸਵੇਰੇ 6:00 ਵਜੇ ਤੋਂ ਰਾਤ 8:00 ਵਜੇ ਤੱਕ ਦਾ ਹੋਵੇਗਾ। ਈ-ਰਿਕਸ਼ਾ ਦਾ ਰੂਟ one way ਹੋਵੇਗਾ, ਇਹ ਰਿਕਸ਼ਾ ਜਿਸ ਜਗ੍ਹਾ ਤੋਂ ਚੱਲੇਗਾ, ਉਸੇ ਜਗ੍ਹਾ ਹੀ ਯੂਨੀਵਰਸਿਟੀ ਦਾ ਚੱਕਰ ਲਗਾ ਕੇ ਵਾਪਸ ਆਵੇਗਾ। ਈ-ਰਿਕਸ਼ਾ ਯੂਨੀਵਰਸਿਟੀ ਮੇਨ ਗੇਟ ਤੋਂ ਚੱਲੇਗਾ।

2) ਯੂਨੀਵਰਸਿਟੀ ਕੈਂਪਸ ਵਿਖੇ ਹਾਲ ਦੀ ਘੜੀ 5 ਤੋਂ 10 ਈ-ਰਿਕਸ਼ਾ ਚਲਾਏ ਜਾਣਗੇ। ਜੇਕਰ ਬਾਅਦ ਵਿੱਚ ਰਿਕਸ਼ਿਆਂ ਦੀ ਗਿਣਤੀ 'ਚ ਵਾਧਾ ਕਰਨ ਦੀ ਲੋੜ ਮਹਿਸੂਸ ਹੋਈ ਤਾਂ ਲੋੜ ਅਨੁਸਾਰ ਵਾਧਾ ਕਰ ਲਿਆ ਜਾਵੇਗਾ।

3) ਈ-ਰਿਕਸ਼ਾ ਵਿਅਕਤੀ/ਫਰਮ ਵੱਲੋਂ ਸਕਿਊਰਟੀ ਵਜੋਂ 3,000/ਰੁ.(ਕੇਵਲ ਤਿੰਨ ਹਜ਼ਾਰ ਰੁਪਏ) ਪ੍ਰਤੀ ਰਿਕਸ਼ਾ ਜਮ੍ਹਾ ਕਰਵਾਇਆ ਜਾਵੇਗਾ, ਜੋ ਕਿ ਪ੍ਰਜੈਕਟ ਖਤਮ ਹੋਣ ਉਪਰੰਤ ਵਾਪਸ ਕਰਨਯੋਗ ਹੋਣਗੇ। ਇਸ ਤੋਂ ਇਲਾਵਾ ਹਰ ਮਹੀਨੇ ਦਾ ਘੱਟੋ-ਘੱਟ ਕਿਰਾਇਆ 3,000/ਰੁ. ਪ੍ਰਤੀ ਰਿਕਸ਼ਾ ਐਡਵਾਂਸ ਜਮ੍ਹਾ ਕਰਵਾਇਆ ਜਾਵੇਗਾ।

4) ਈ-ਰਿਕਸ਼ਾ ਨੂੰ ਰਾਤ ਸਮੇਂ ਪਾਰਕ ਕਰਨ ਲਈ ਮੇਨ ਗੇਟ ਨੇੜੇ ਪਾਰਕਿੰਗ ਵਿਚ ਜਗ੍ਹਾ ਮੁਹੱਈਆ ਕਰਵਾਈ ਜਾਵੇਗੀ।

5) ਈ-ਰਿਕਸ਼ਾ ਚਾਲਕ/ਫਰਮ/ਫਰਮਾਂ ਜੇਕਰ ਕੈਂਪਸ ਵਿਖੇ ਈ-ਰਿਕਸ਼ਾ ਚਾਰਜ ਕਰਨਾ ਚਾਹੁਣ ਤਾਂ ਚਾਰਜਿੰਗ ਪੁਆਇੰਟ ਲਈ ਮੇਨ ਗੇਟ ਤੇ (ਐਸ.ਡੀ.ਓ. ਰਾਹੀਂ) ਬਿਜਲੀ ਦਾ ਕੁਨੈਕਸ਼ਨ ਲੈਣਗੇ ਅਤੇ ਬਿਜਲੀ ਦੇ ਬਿੱਲ ਦੀ ਅਦਾਇਗੀ ਸਮੇਂ-ਸਿਰ ਕਰਨਗੇ ਜਾਂ ਆਪਣੇ ਪੱਧਰ ਤੇ ਈ-ਰਿਕਸ਼ਾ ਬਾਹਰੋਂ ਚਾਰਜ ਕਰਕੇ ਚਲਾਉਣਗੇ।

6) ਜਿਸ ਵਿਅਕਤੀ/ਫਰਮ/ਫਰਮਾਂ ਨੂੰ ਪਾਇਲਟ ਪ੍ਰਜੈਕਟ ਦਿੱਤਾ ਜਾਵੇਗਾ, ਉਸ ਵੱਲੋਂ ਇਹ ਯਕੀਨੀ ਬਣਾਇਆ ਜਾਵੇਗਾ ਕਿ Motor Vehicle Act ਤਹਿਤ/ਈ-ਰਿਕਸ਼ਾ ਸਬੰਧੀ ਨਿਯਮਾਂ ਦੀ ਪਾਲਣਾ ਕੀਤੀ ਜਾਵੇਗੀ। ਨਿਯਮਾਂ ਦੀ ਉਲੰਘਣਾ ਕਰਨ ਤੇ ਇਹ ਪ੍ਰਜੈਕਟ ਤੁਰੰਤ ਰੱਦ ਕਰ ਦਿੱਤਾ ਜਾਵੇਗਾ। ਸਬੰਧਤ ਵਿਅਕਤੀ/ਫਰਮ/ਫਰਮਾਂ ਵੱਲੋਂ ਈ-ਰਿਕਸ਼ਾ ਦਾ ਸਾਰਾ ਰਿਕਾਰਡ ਮੇਨਟੇਨ ਰੱਖਿਆ ਜਾਵੇਗਾ।

7) ਈ-ਰਿਕਸ਼ਾ ਵਿਦਿਆਰਥੀਆਂ ਦੀ ਸੁਰੱਖਿਆ ਨੂੰ ਮੁੱਖ ਰੱਖਦਿਆਂ ਨਿਯਮਤ ਰੂਟ ਅਤੇ ਨਿਯਮਤ ਸਮੇਂ ਅਨੁਸਾਰ ਯੂਨੀਵਰਸਿਟੀ ਟ੍ਰੈਫਿਕ ਨਿਯਮਾਂ ਦੀ ਪਾਲਣਾ ਕਰਦਿਆਂ ਕੰਟਰੈਕਟਰ ਵੱਲੋਂ ਚਾਲਕਾਂ/ਡਰਾਈਵਰਾਂ ਦੇ ਲਾਇਸੰਸ, ਆਈ.ਡੀ. ਆਦਿ ਨੋਡਲ ਅਫ਼ਸਰ ਕੋਲ ਜਮਾਂ ਕਰਵਾਏ ਜਾਣਗੇ।

8) ਈ-ਰਿਕਸ਼ਾ ਚਾਲਕ ਵਿਦਿਆਰਥੀਆਂ/ਕਰਮਚਾਰੀਆਂ/ਵਿਜ਼ੀਟਰਜ਼ ਪਾਸੋਂ 10/ਰੁ. ਪ੍ਰਤੀ ਵਿਅਕਤੀ ਚਾਰਜ/ਕਿਰਾਇਆ ਲੈਣਗੇ।

9) ਯੂਨੀਵਰਸਿਟੀ ਪ੍ਰਸ਼ਾਸਨ ਵੱਲੋਂ ਕੰਟਰੈਕਟਰ ਨੂੰ ਦਿੱਤੇ ਗਏ ਦਿਸ਼ਾ-ਨਿਰਦੇਸ਼ਾਂ ਅਨੁਸਾਰ ਹੀ ਕੰਮਕਾਜ ਚਲਾਇਆ ਜਾਵੇਗਾ ਅਤੇ ਵਿਦਿਆਰਥੀਆਂ, ਕਰਮਚਾਰੀਆਂ, ਵਿਜ਼ੀਟਰਜ਼ ਨਾਲ ਕਿਸੇ ਵੀ ਪ੍ਰਕਾਰ ਦਾ ਝਗੜਾ ਆਦਿ ਨਹੀਂ ਕੀਤਾ ਜਾਵੇਗਾ। ਕਿਸੇ ਵੀ ਪ੍ਰਕਾਰ ਦੇ ਲੜਾਈ-ਝਗੜੇ/ਵਿਵਾਦ ਸਬੰਧੀ ਕਮੇਟੀ ਦਾ ਫੈਸਲਾ ਅੰਤਿਮ ਹੋਵੇਗਾ ਅਤੇ ਇਸ ਫੈਸਲੇ ਅਨੁਸਾਰ ਹੀ ਅਗਲੇਰੀ ਕਾਰਵਾਈ ਕੀਤੀ ਜਾਵੇਗੀ।

10) ਉਕਤ ਤੋਂ ਇਲਾਵਾ ਇਸ ਸਬੰਧੀ ਹੋਰ ਜਾਣਕਾਰੀ ਟਰਾਂਸਪੋਰਟ ਦਫ਼ਤਰ ਤੋਂ ਕਿਸੇ ਵੀ ਕੰਮਕਾਜ ਵਾਲੇ ਦਿਨ ਪ੍ਰਾਪਤ ਕੀਤੀ ਜਾ ਸਕਦੀ ਹੈ।

08-9-23

ਰਜਿਸਟਰਾਰ